# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਹੈਲਪਰ ਟਿਊਬਵੈਲ ਅਪਰੇਟਰਾਂ ਨੇ ਨਗਰ ਨਿਗਮ ਵੱਲੋਂ ਉਹਨ੍ਹਾਂ ਨੂੰ ਡੀ.ਸੀ.ਰੇਟ ਤੇ ਕਰਨ ਸਬੰਧੀ ਲਏ ਫੈਸਲੇ ਤੇ ਮੇਅਰ ਸ਼ਿਵ ਸੂਦ ਦਾ ਧੰਨਵਾਦ ਕੀਤਾ।

ਹੁਸ਼ਿਆਰਪੁਰ 5 ਜੁਲਾਈ ਨਗਰ ਨਿਗਮ ਹੁਸ਼ਿਆਰਪੁਰ ਦੇ ਕੌਂਸਲਰਾਂ ਦੀ ਮਾਸਿਕ ਮੀਟਿੰਗ ਵਿੱਚ ਹਾਊਸ ਵੱਲੋਂ ਹੈਲਪਰ ਟਿਊਬਵੈੱਲ ਅਪਰੇਟਰਾਂ ਨੂੰ ਡੀ.ਸੀ ਰੇਟ ਤੇ ਕਰਨ ਦੀ ਮੰਨਜੂਰੀ ਦੇਣ ਤੇ ਸਮੂਹ ਹੈਲਪਰ ਟਿਊਬਵੈੱਲ ਅਪਰੇਟਰ ਅੱਜ ਨਗਰ ਨਿਗਮ ਵਿਖੇ ਮੇਅਰ ਸ਼ਿਵ ਸੂਦ ਦਾ ਧੰਨਵਾਦ ਕਰਨ ਲਈ ਪਹੁੰਚੇ। ਇਸ ਮੌਕੇ ਤੇ ਨਗਰ ਨਿਗਮ ਦੇ ਡਾ. ਬੀ.ਆਰ ਅੰਬੇਦਕਰ ਮੀਟਿੰਗ ਹਾਲ ਵਿਖੇ ਸਮੂਹ ਹੈਲਪਰ ਟਿਊਬਵੈੱਲ ਅਪਰੇਟਰਾਂ ਨੂੰ ਸਬੋਧਕ ਕਰਦਿਆ ਦਸਿੱਆ ਕਿ ਹਾਊਸ ਵੱਲੋਂ ਪਾਸ ਕੀਤਾ ਗਿਆ ਮਤਾ ਸਰਕਾਰ ਨੂੰ ਭੇਜਿਆ ਗਿਆ ਹੈ,। ਇਸ ਦੀ ਪ੍ਰਵਾਨਗੀ ਮਿਲਣ ਉਪਰੰਤ ਸਰਕਾਰੀ ਰੂਲਾਂ ਅਤੇ ਗਾਈਡ ਲਾਈਨ ਅਨੁਸਾਰ ਸਬ ਕਮੇਟੀਆਂ ਵੱਲੋਂ ਹੈਲਪਰ ਟਿਊਬਵੈੱਲ ਅਪਰੇਟਰਾਂ ਨੂੰ ਡੀ.ਸੀ. ਰੇਟ ਤੇ ਕੀਤਾ ਜਾਵੇਗਾ।

ਮੇਅਰ ਸ਼ਿਵ ਸੂਦ ਨੇ ਇਸ ਮੌਕੇ ਤੇ ਸਮੂਹ ਹੈਲਪਰ ਟਿਊਬਵੈਲ ਅਪਰੇਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੇਖਣ ਵਿਚ ਆਇਆ ਹੈ ਕਿ ਟਿਊਬਵੈਲ ਅਪਰੇਟਰ ਆਪਣਾ ਟਿਊਬਵੈਲ ਚਾਲੂ ਕਰਨ ਉਪਰੰਤ ਚਲੇ ਜਾਂਦੇ ਹਨ, ਉਹਨਾਂ ਹਦਾਇਤ ਕੀਤੀ ਸਾਰੇ ਟਿਊਬਵੈਲ ਅਪਰੇਟਰ ਡਿਊਟੀ ਦੌਰਾਨ ਆਪਣੀ ਡਿਊਟੀ ਤੇ ਹਾਜ਼ਰ ਰਹਿਣਗੇ ਅਤੇ ਨਿਸਚਿਤ ਕੀਤੇ ਸਮੇਂ ਵਿਚ ਟਿਊਬਵੈਲ ਚਾਲੂ ਰੱਖਣਾ ਯਕੀਨੀ ਬਣਾਉਣਗੇ ਤਾਂ ਜ਼ੋ ਸ਼ਹਿਰ ਵਾਸੀਆਂ ਨੂੰ ਨਿਰਵਿਘਨ ਪੀਣ ਵਾਲਾ ਪਾਣੀ ਸਪਲਾਈ ਹੋ ਸਕੇ। ਉਹਨਾਂ ਕਿਹਾ ਕਿ ਮੌਸਮੀ ਬਿਮਾਰੀਆਂ ਨੂੰ ਦੇਖਦੇ ਹੋਏ ਟਿਊਬਵੈਲਾਂ ਤੇ ਕਲੋਰੀਨ ਮਿਲਾਕੇ ਪਾਣੀ ਸਪਲਾਈ ਕਰਨਾ ਵੀ ਯਕੀਨੀ ਬਣਾਇਆ ਜਾਵੇ। ਉਹਨਾਂ ਕਿਹਾ ਕਿ ਸਾਰੇ ਟਿਊਬਵੈਲ ਅਪਰੇਟਰ ਆਪਣੀ ਡਿਊਟੀ ਦੌਰਾਨ ਟਿਊਬਵੈਲ ਦੇ ਆਲੇ-ਦੁਆਲੇ ਸਫਾਈ ਰੱਖਣਾ ਵੀ ਯਕੀਨੀ ਬਣਾਉਣ। ਉਹਨਾਂ ਦੱਸਿਆ ਕਿ ਨਗਰ ਨਿਗਮ ਦੇ ਸਬੰਧਤ ਅਧਿਕਾਰੀਆਂ ਵੱਲੋਂ ਉਹਨਾਂ ਦੀ ਅਚਨਚੇਤ ਚੈਕਿੰਗ ਵੀ ਕੀਤੀ ਜਾਵੇਗੀ ਅਤੇ ਗੈਰ ਹਾਜ਼ਰ ਪਾਏ ਜਾਣ ਵਾਲੇ ਹੈਲਪਰ ਟਿਊਬਵੈਲ ਅਪਰੇਟਰਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੰਪਲਾਂਵਾਲਾ, ਕਾਰਜ ਸਾਧਕ ਅਫਸਰ ਰਮੇਸ਼ ਕੁਮਾਰ, ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਕੌਂਸਲਰ ਅਵਤਾਰ ਸਿੰਘ ਜੋਹਲ, ਇੰਸਪੈਕਟਰ ਵਿਜੇ ਕੁਮਾਰ, ਰਵਿੰਦਰ ਠਾਕੁਰ, ਰਾਹੁਲ ਸ਼ਰਮਾ ਅਤੇ ਸਮੂਹ ਹੈਲਪਰ ਟਿਊਬਵੈਲ ਅਪਰੇਟਰ ਵੀ ਇਸ ਮੌਕੇ ਤੇ ਹਾਜ਼ਰ ਸਨ।